ਸ਼ੇਖ ਫ਼ਰੀਦ - ਸਬਦ ੫੮

ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੦

ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥
ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥੫੫॥

ਸਾਰ: ਇਨਕਾਰ, ਮਨ ਦਾ ਉਹ ਤਰੀਕਾ ਹੈ ਜੋ ਅਣ-ਸੁਖਾਵੀਆਂ ਸੱਚਾਈਆਂ ਦਾ ਸਾਹਮਣਾ ਕਰਨ ਵੇਲੇ ਸੁਖ-ਅਰਾਮ ਦੀ ਭਾਲ ਵਿਚ ਜੁਟ ਜਾਂਦਾ ਹੈ। ਇਹ ਅਕਸਰ ਸੂਖਮ ਬਚਾਅ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ, ਜਿਵੇਂ ਉਦਮ ਤੋਂ ਕਤਰਾਉਣਾ ਅਤੇ ਤਰਕ ਦੇ ਧਾਰਨੀ ਬਣਨਾ ਜਿਸ ਨਾਲ ਸਪੱਸ਼ਟਤਾ ਵਿਚ ਰੁਕਾਵਟ ਆਉਂਦੀ ਹੈ। ਇਨਕਾਰ ਸੱਚ ਨੂੰ ਖਤਮ ਨਹੀਂ ਕਰਦਾ; ਇਹ ਸਿਰਫ਼ ਇਸ ਨਾਲ ਸਾਡੇ ਟਕਰਾਅ ਨੂੰ ਮੁਲਤਵੀ ਕਰ ਦਿੰਦਾ ਹੈ। ਸਮੇਂ ਦੇ ਨਾਲ, ਅਣਜਾਣ ਸੱਚ ਸਾਨੂੰ ਅੰਦਰੋਂ ਤ੍ਰਾਸ਼ਦੇ ਹਨ। ਬਿਨਾਂ ਕਿਸੇ ਨਿਰਣੇ ਦੇ ਸਪਸ਼ਟ ਤੌਰ 'ਤੇ ਦੇਖਣ ਦੀ ਹਿੰਮਤ ਦੇ ਧਾਰਨੀ ਹੋਣ ਨਾਲ ਇਨਕਾਰੀ ਹੋਣ ਦੀ ਪ੍ਰਵਿਰਤੀ ਭੰਗ ਹੋ ਜਾਂਦੀ ਹੈ ਅਤੇ ਅਸਲ ਵਿਗਾਸ ਦਾ ਦਰ ਖੁਲ੍ਹਦਾ ਹੈ।

ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥
ਫਰੀਦ ਕਹਿੰਦਾ ਹੈ ਕਿ ਸਿਰ ਅਤੇ ਦਾੜ੍ਹੀ ਚਿੱਟੀ ਹੋ ਗਈ ਹੈ, ਅਤੇ ਮੁੱਛਾਂ ਵੀ ਚਿੱਟੀਆਂ ਹੋ ਗਈਆਂ ਹਨ। ਬੁਢਾਪੇ ਦੇ ਇਹ ਚਿੰਨ੍ਹ ਸਮੇਂ ਦੀ ਵਗਦੀ ਨਿਰੰਤਰ ਧਾਰਾ ਅਤੇ ਸਾਡੀ ਸੀਮਤ ਉਮਰ ਦੀ ਯਾਦ ਦਿਵਾਉਂਦੇ ਹਨ।

ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥੫੫॥
ਹੇ ਭਟਕੇ ਅਤੇ ਸੋਚਹੀਣ ਮਨ, ਤੂੰ ਕਿਹੜੀਆਂ ਪਲ ਭਰ ਦੀਆਂ ਖੁਸ਼ੀਆਂ ਦੇ ਪਿੱਛੇ ਦੌੜ ਰਿਹਾ ਹੈਂ? ਇਹ ਭਾਵ ਇਕ ਅਜਿਹੇ ਵਿਛੋੜੇ ਨੂੰ ਉਜਾਗਰ ਕਰਦਾ ਹੈ ਜਿੱਥੇ ਭੌਤਿਕ ਹੋਂਦ ਧੁੰਦਲੀ ਪੈ ਰਹੀ ਹੈ, ਫਿਰ ਵੀ ਮਨ ਬੇਕਾਰ ਕਾਰਜਾਂ ਵਿਚ ਉਲਝਿਆ ਰਹਿੰਦਾ ਹੈ। (੫੫)

ਤੱਤ: ਸ਼ੇਖ ਫ਼ਰੀਦ ਭਟਕਦੇ ਮਨ ਅਤੇ ਭੌਤਿਕ ਜੀਵਨ ਦੇ ਬੀਤ ਰਹੇ ਪਲਾਂ ਵਿਚਲੇ ਟਕਰਾਅ 'ਤੇ ਜ਼ੋਰ ਦਿੰਦੇ ਹਨ। ਉਹ ਸਾਨੂੰ ਅਸਥਾਈ ਸੁੱਖਾਂ ਦੀ ਭਾਲ ਬਾਰੇ ਵਿਚਾਰ ਕਰਨ ਦੀ ਚੁਣੌਤੀ ਦਿੰਦੇ ਹਨ, ਇਸ ਤੱਥ ਨੂੰ

ਧਿਆਨ ਵਿਚ ਰੱਖਦੇ ਹੋਏ ਕਿ ਜਦੋਂ ਸਰੀਰ ਬੁੱਢਾ ਹੋ ਨਿਰਬਲ ਹੋਣਾ ਸ਼ੁਰੂ ਹੋ ਜਾਂਦਾ ਹੈ ਤਾਂ ਉਸ ਵੇਲੇ ਵੀ ਮਨ ਮਾਮੂਲੀ ਧੰਧਿਆਂ ਵਿਚ ਫਸਿਆ ਰਹਿੰਦਾ ਹੈ। ਇਹ ਪਰਿਪੇਖ ਸਾਨੂੰ ਇਕਾਗਰਤਾ ਦੇ ਧਾਰਨੀ ਹੋਣ ਲਈ ਪ੍ਰੇਰਿਤ ਕਰਦਾ ਹੈ ਅਤੇ ਜੀਵਨ ਦੇ ਗੂੜ੍ਹ ਉਦੇਸ਼ ਦੀ ਭਾਲ ਕਰਨ ਦੇ ਰਾਹ ਤੋਰਦਾ ਹੈ, ਜਿਸ ਰਾਹੀਂ ਅਸੀਂ ਜੀਵਨ ਦੀਆਂ ਅੰਤਰੀਵੀ ਉਲਝਨਾਂ ਦੀ ਨਿਸ਼ਾਨਦੇਹੀ ਕਰਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**